ਆਰਬੀਆਈ/ 2007-08/ 119

ਬੈਂਪਵਿਵਿ. ਨੰ. ਐਲਈਜੀ. ਬੀਸੀ. 28/09.07.005/2007-08

22 ਅਗਸਤ, 2007

31 ਸਾਵਣ 1929 (ਸ਼ੱਕ)

ਸਾਰੇ ਅਨਸੂਚਿਤ ਵਪਾਰਕ ਬੈਂਕ / ਅਖਿਲ ਭਾਰਤੀ ਵਿਤੀ ਸੰਸਥਾਵਾਂ
(ਖੇਤਰੀ ਪੇਂਡੂ ਬੈਂਕਾਂ ਨੂੰ ਛੱਡ ਕੇ)

ਸ੍ਰੀਮਾਨ ਜੀ

ਉਧਾਰਦਾਤਾਵਾਂ ਦੇ ਲਈ ਉਚਿਤ ਵਿਹਾਰ ਸੰਧੀ ਤੇ ਦਿਸ਼ਾ ਨਿਰਦੇਸ਼- ਕਰਜ਼ ਕਰਾਰ ਕਾਪੀ ਦੇਣਾ

ਕਿਰਪਾ 5 ਮਈ 2003 ਦਾ ਸਾਡਾ ਸਰਕੂਲਰ ਬੈਂਪਵਿਵਿ. ਐਲਈਜੀ ਨੰ. ਬੀਸੀ. 104/ 09.07.007/ 2002-03 ਦੇਖੋ ਜਿਸ ਵਿਚ ਉਧਾਰਦਾਤਾਵਾਂ ਦੇ ਲਈ ਉਚਿਤ ਵਿਹਾਰ ਸੰਧੀ ਨੂੰ ਨਿਰਧਾਰਿਤ ਕਰਨ ਵਾਲੇ ਦਿਸ਼ਾ ਨਿਰਦੇਸ਼ ਬੈਂਕਾਂ / ਵਿਤੀ ਸੰਸਥਾਵਾਂ ਨੂੰ ਜਾਰੀ ਕੀਤੇ ਗਏ ਸਨ।

2. ਉਪਰੋਕਤ ਸਰਕੂਲਰ ਦੇ ਪੈਰ੍ਹਾ 2 (ii)(c) ਦੇ ਅਨੁਸਾਰ, ਬੈਂਕਾਂ / ਵਿਤੀ ਸੰਸਥਾਵਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਉਧਾਰ ਕਰਤਾ ਅਤੇ ਕਰਜ਼ਦਾਤੀ ਸੰਸਥਾ ਦੇ ਵਿਚ ਗੱਲਬਾਤ ਦੇ ਬਾਅਦ ਨਿਰਧਾਰਿਤ ਸ਼ਰਤਾਂ ਅਤੇ ਹੋਰ ਚੇਤਾਵਨੀ, ਜੋ ਬੈਂਕਾਂ / ਵਿੱਤੀ ਸੰਸਥਾਵਾਂ ਦੁਆਰਾ ਦਿੱਤੀਆਂ ਜਾਣ ਵਾਲੀਆਂ ਕਰਜ਼ ਸੁਵਿਧਾਵਾਂ ਤੇ ਲਾਗੂ ਹੋਣਗੀਆਂ, ਨੂੰ ਲਿਖਤ ਰੂਪ ਵਿਚ ਪੇਸ਼

ਕੀਤਾ ਜਾਣਾ ਚਾਹੀਦਾ ਅਤੇ ਅਧਿਕ੍ਰਿਤ ਅਧਿਕਾਰੀ ਦੁਆਰਾ ਨਿਯਮ ਅਨੁਸਾਰ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ। ਬੈਂਕਾਂ / ਵਿਤੀ ਸੰਸਥਾਵਾਂ ਨੂੰ ਨਾਲ ਹੀ ਇਹ ਵੀ ਸਲਾਹ ਦਿੱਤੀ ਗਈ ਸੀ ਕਿ ਕਰਜ਼ ਕਰਾਰ ਵਿਚ ਲਿਖਤ ਸਾਰੇ ਅਨੁਲੱਗਾਂ ਦੀ ਇਕ-ਇਕ ਪ੍ਰਤਿ ਸਹਿਤ ਕਰਜ਼ ਕਰਾਰ ਦੀ ਕਾਪੀ ਉਧਾਰ ਕਰਤਾ ਨੂੰ ਦਿੱਤੀ ਜਾਵੇ।

3. ਸਾਨੂੰ ਇਹ ਪਤਾ ਲੱਗਾ ਹੈ ਕਿ ਕੁਝ ਬੈਂਕ, ਉਧਾਰ ਕਰਤਾਵਾਂ ਦੁਆਰਾ ਅਜਿਹੀ ਬੇਨਤੀ ਕੀਤੇ ਜਾਣ ਦੇ ਬਾਅਦ ਹੀ ਕਰਜ਼ ਕਰਾਰ ਦੀ ਕਾਪੀ ਉਨ੍ਹਾਂ ਨੂੰ ਦਿੰਦੇ ਹਨ। ਇਸ ਸਬੰਧ ਵਿਚ ਅਸੀਂ ਸੂਚਿਤ ਕਰਦੇ ਹਾਂ ਕਿ ਕਰਜ਼ ਕਰਾਰ ਜਾਂ ਕਰਜ਼ ਕਰਾਰ ਵਿਚ ਲਿਖਤ ਅਨੁਲੱਗਾਂ ਦੀ ਕਾਪੀ ਨਹੀਂ ਦੇਣਾ ਇਕ ਬੁਰਾ ਵਿਹਾਰ ਹੈ ਅਤੇ ਇਸ ਤੋਂ ਕਰਜ਼ ਪ੍ਰਦਾਨ ਕਰਨ ਦੀਆਂ ਸ਼ਰਤਾਂ ਦੇ ਸੰਬੰਧ ਵਿਚ ਬੈਂਕ ਅਤੇ ਉਧਾਰਕਰਤਾ ਦੇ ਵਿਚਕਾਰ ਝਗੜੇ ਹੋ ਸਕਦੇ ਹਨ।

4. ਇਸ ਲਈ ਬੈਂਕਾਂ / ਵਿਤੀ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਰਜ਼ ਦੀ ਮਨਜ਼ੂਰੀ / ਵੰਡਣ ਦੇ ਸਮੇਂ ਸਾਰੇ ਉਧਾਰਕਰਤਾਵਾਂ ਨੂੰ ਕਰਜ਼ ਕਰਾਰ ਦੀ ਅਤੇ ਕਰਜ਼ ਕਰਾਰ ਵਿਚ ਲਿਖਤ ਸਾਰੇ ਅਨੁਲਗਕਾਂ ਦੀ ਇਕ-ਇਕ ਕਾਪੀ ਜ਼ਰੂਰੀ ਦੇਣ।

ਹਿਤੂ

(ਪ੍ਰਸ਼ਾਂਤ ਸਰਨ)

ਇੰਚਾਰਜ ਮੁੱਖ ਮਹਾਂਪ੍ਰਬੰਧਕ